NSW ਸਿੱਖਿਆ ਵਿਭਾਗ

# ਪ੍ਰੀ-ਸਕੂਲ ਲਈ ਤਿਆਰ ਹੋਣਾ



ਪ੍ਰੀ ਸਕੂਲ

education.nsw.gov.au

NSW GOVERNMENT




ਅਸੀਂ ਸਾਰੇ ਐਬੋਰਿਜ਼ਨਲ ਲੋਕਾਂ ਦੇ ਵਤਨ ਨੂੰ ਸਵੀਕਾਰ ਕਰਦੇ ਹਾਂ ਅਤੇ ਦੇਸ਼ ਨੂੰ ਆਪਣਾ ਸਨਮਾਨ ਭੇਟ ਕਰਦੇ ਹਾਂ।

## ਤਤਕਰਾ


| | |
|---|---|
| ਤੁਹਾਨੂੰ ਇਸ ਪੁਸਤਿਕਾ ਵਿੱਚ ਕੀ ਮਿਲੇਗਾ | 1 |
| ਪ੍ਰੀ-ਸਕੂਲ ਪ੍ਰੋਗਰਾਮ ਕੀ ਹੁੰਦਾ ਹੈ | 2 |
| ਸੇਵਾ-ਸਹੂਲਤ ਦੀ ਚੋਣ ਕਰਨਾ | 4 |
| ਤਿਆਰ ਹੋਣਾ | 6 |
| ਖੇਡ ਦੁਆਰਾ ਸਿੱਖਣਾ | 8 |
| ਸਹੂਲਤ ਵਿੱਚ ਸੁਰੱਖਿਅਤ ਢੰਗ ਨਾਲ ਆਉਣਾ ਅਤੇ ਜਾਣਾ | 10 |
| ਸਹੂਲਤ ਵਿੱਚ ਭੋਜਨ | 12 |
| ਜਦੋਂ ਤੁਹਾਡਾ ਬੱਚਾ ਬਿਮਾਰ ਹੋਵੇ | 13 |
| ਸਕੂਲ ਲਈ ਤਿਆਰ ਹੋਣਾ | 14 |
| ਜਦੋਂ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹੋਣ | 16 |
| ਉਪਯੋਗੀ ਵੈੱਬਸਾਈਟਾਂ | ਪਿਛਲਾ ਪੰਨਾ |

# ਤੁਹਾਨੂੰ ਇਸ ਪੁਸਤਿਕਾ ਵਿੱਚ ਕੀ ਮਿਲੇਗਾ

ਇਹ ਪੁਸਤਿਕਾ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਪ੍ਰੀ-ਸਕੂਲ ਸਿੱਖਿਆ ਲਈ ਤਿਆਰ ਹੋਣ ਵਿੱਚ ਮੱਦਦ ਕਰੇਗੀ।

ਇਹ ਤੁਹਾਡੇ ਬੱਚੇ ਨੂੰ ਸ਼ੁਰੂਆਤੀ ਬਚਪਨ ਦੀ ਸਿੱਖਿਆ ਅਤੇ ਦੇਖਭਾਲ ਸੇਵਾ ਲਈ ਭੇਜਣ ਦੇ ਬਹੁਤ ਸਾਰੇ ਲਾਭਾਂ ਨੂੰ ਵੀ ਉਜਾਗਰ ਕਰੇਗੀ ਜੋ ਪ੍ਰੀ-ਸਕੂਲ ਪ੍ਰੋਗਰਾਮ ਪੇਸ਼ ਕਰਦਾ ਹੈ।

ਇਸ ਗਾਈਡ ਨੂੰ ਔਨਲਾਈਨ ਐਕਸੈਸ ਕਰਨ ਲਈ QR ਕੋਡ ਨੂੰ ਸਕੈਨ ਕਰੋ ਅਤੇ ਹੋਰ ਮਦਦਗਾਰ ਸਰੋਤਾਂ ਨੂੰ ਦੇਖੋ

## ਕੀ ਤੁਸੀ ਜਾਣਦੇ ਹੋ?

ਤੁਹਾਡੇ ਬੱਚੇ ਦੇ ਜੀਵਨ ਦੀ ਸ਼ੁਰੂਆਤ ਦੌਰਾਨ ਜੋ ਵਾਪਰਦਾ ਹੈ (ਗਰਭ-ਅਵਸਥਾ ਤੋਂ ਲੈ ਕੇ ਉਸ ਦੇ 5ਵੇਂ ਜਨਮ ਦਿਨ ਤੱਕ) ਉਸ ਦੇ ਵਧਣ-ਫੁੱਲਣ, ਵਿਕਾਸ ਕਰਨ ਅਤੇ ਸਿੱਖਣ ਦੇ ਤਰੀਕੇ 'ਤੇ ਬਹੁਤ ਵੱਡਾ ਪ੍ਰਭਾਵ ਪਾਉਂਦਾ ਹੈ। ਪ੍ਰੀ-ਸਕੂਲ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਨਾਲ ਤੁਹਾਡਾ ਬੱਚਾ ਉਹ ਕੀਮਤੀ ਹੁਨਰ ਸਿੱਖੇਗਾ ਜੋ ਭਾਸ਼ਾ ਅਤੇ ਸਾਖਰਤਾ ਵਿਕਾਸ, ਸਮਾਜਿਕ ਅਤੇ ਭਾਵਨਾਤਮਕ ਹੁਨਰ, ਰਚਨਾਤਮਕਤਾ, ਆਤਮ-ਵਿਸ਼ਵਾਸ ਅਤੇ ਸਰੀਰਿਕ ਹੁਨਰਾਂ ਦੇ ਵਿੱਚ ਸਹਾਇਤਾ ਕਰਦੇ ਹਨ।




# ਪ੍ਰੀ-ਸਕੂਲ ਪ੍ਰੋਗਰਾਮ ਕੀ ਹੈ

ਪ੍ਰੀ-ਸਕੂਲ ਪ੍ਰੋਗਰਾਮ ਆਮ ਤੌਰ ‘ਤੇ 3 ਤੋਂ 5 ਸਾਲ ਦੀ ਉਮਰ ਦੇ ਬੱਚਿਆਂ ਲਈ ਜਾਂ ਪ੍ਰਾਇਮਰੀ ਸਕੂਲ ਸ਼ੁਰੂ ਕਰਨ ਤੋਂ 2 ਸਾਲ ਪਹਿਲਾਂ ਸ਼ੁਰੂ ਹੁੰਦੇ ਹਨ। ਉਹ ਖੇਡ-ਆਧਾਰਿਤ ਗਤੀਵਿਧੀਆਂ ਰਾਹੀਂ ਬੱਚਿਆਂ ਦੇ ਸਿੱਖਣ ਅਤੇ ਵਿਕਾਸ ਵਿੱਚ ਸਹਾਇਤਾ ਕਰਦੇ ਹਨ ਅਤੇ ਤੁਹਾਡੇ ਬੱਚੇ ਨੂੰ ਵਧੇਰੇ ਆਤਮ-ਨਿਰਭਰ ਬਣਨ, ਨਵੇਂ ਦੋਸਤ ਬਣਾਉਣ ਅਤੇ ਸਕੂਲ ਸ਼ੁਰੂ ਕਰਨ ਲਈ ਤਿਆਰ ਹੋਣ ਵਿੱਚ ਮੱਦਦ ਕਰਦੇ ਹਨ।

### ਪ੍ਰੀ-ਸਕੂਲ ਪ੍ਰੋਗਰਾਮਾਂ ਨੂੰ ਬਚਪਨ ਦੀ ਸਿੱਖਿਆ ਅਤੇ ਦੇਖਭਾਲ ਸੇਵਾਵਾਂ ਦੀ ਕਈ ਕਿਸਮਾਂ ਵਿੱਚ ਪ੍ਰਦਾਨ ਕੀਤਾ ਜਾਂਦਾ ਹੈ:

- ਕਮਿਊਨਿਟੀ-ਆਧਾਰਿਤ ਪ੍ਰੀਸਕੂਲ
- ਲੰਮੀ ਦਿਨ ਦੀਆਂ ਦੇਖਭਾਲ ਸੇਵਾਵਾਂ
- ਮੋਬਾਈਲ ਪ੍ਰੀ-ਸਕੂਲ
- ਪਰਿਵਾਰਕ ਡੇਅ ਕੇਅਰ ਸੇਵਾਵਾਂ
- NSW ਸਿੱਖਿਆ ਵਿਭਾਗ ਪ੍ਰੀ-ਸਕੂਲ



ਤੁਹਾਡਾ ਬੱਚਾ ਜੋ ਸੇਵਾਵਾਂ ਵਿੱਚ ਸ਼ਾਮਿਲ ਹੁੰਦਾ ਹੈ ਉਸਤੇ ਨਿਰਭਰ ਕਰਦੇ ਅਨੁਸਾਰ, ਤੁਹਾਨੂੰ ਹੇਠਾਂ ਦਿੱਤੇ ਲੋਕ ਉੱਥੇ ਕੰਮ ਕਰਦੇ ਮਿਲ ਸਕਦੇ ਹਨ:

- **ਸੈਂਟਰ ਡਾਇਰੈਕਟਰ** – ਸੈਂਟਰ ਅਧਾਰਿਤ ਸੇਵਾਵਾਂ ਦੇ ਰੋਜ਼ਮਰਾ ਦੇ ਕੰਮਕਾਜ ਦਾ ਪ੍ਰਬੰਧਨ ਕਰਦਾ ਹੈ।
- **ਸ਼ੁਰੂਆਤੀ ਬਚਪਨ ਦੇ ਅਧਿਆਪਕ** – ਬੱਚਿਆਂ ਨਾਲ ਸਿੱਧੇ ਤੌਰ ‘ਤੇ ਕੰਮ ਕਰਦੇ ਹਨ ਅਤੇ ਡਿਗਰੀ-ਪ੍ਰਾਪਤ ਹੁੰਦੇ ਹਨ।
- **ਸ਼ੁਰੂਆਤੀ ਬਚਪਨ ਦੇ ਸਿੱਖਿਅਕ** – ਸਿੱਧੇ ਤੌਰ ‘ਤੇ ਬੱਚਿਆਂ ਨਾਲ ਕੰਮ ਕਰਦੇ ਹਨ ਅਤੇ ਮਨਜ਼ੂਰਸ਼ੁਦਾ ਸਰਟੀਫ਼ਿਕੇਟ III ਜਾਂ ਡਿਪਲੋਮਾ ਧਰਕ ਹੁੰਦੇ ਹਨ, ਜਾਂ ਇਸ ਨੂੰ ਪ੍ਰਾਪਤ ਕਰਨ ਲਈ ਪੜ੍ਹਾਈ ਕਰ ਰਹੇ ਹੁੰਦੇ ਹਨ।
- **ਸਹਾਇਕ ਸਟਾਫ਼** – ਜ਼ਿਆਦਾ ਲੋੜਾਂ ਵਾਲੇ ਬੱਚਿਆਂ ਦੀ ਸਹਾਇਤਾ ਲਈ।
- **ਪ੍ਰਸ਼ਾਸਨਿਕ ਸਟਾਫ਼** – ਸਹੂਲਤ ਵਿਚਲੇ ਪ੍ਰਬੰਧਕੀ ਕੰਮਾਂ ਵਿੱਚ ਸਹਾਇਤਾ ਲਈ ।

# ਸੇਵਾ-ਸਹੂਲਤ ਦੀ ਚੋਣ ਕਰਨਾ

ਪ੍ਰੀ-ਸਕੂਲ ਪ੍ਰੋਗਰਾਮ ਦੀ ਪੇਸ਼ਕਸ਼ ਕਰਨ ਵਾਲੀ ਸਹੀ ਸਹੂਲਤ ਦੀ ਚੋਣ ਕਰਨਾ ਇੱਕ ਦਿਲਚਸਪ ਫ਼ੈਸਲਾ ਹੈ ਅਤੇ ਤੁਹਾਡੇ ਬੱਚੇ ਦੇ ਸਿੱਖਣ ਅਤੇ ਵਿਕਾਸ ਨਤੀਜਿਆਂ ਲਈ ਬਹੁਤ ਵਧੀਆ ਹੈ। ਇਹ ਨਿਰਧਾਰਤ ਕਰਨ ਲਈ ਉਪਲਬਧ ਵੱਖ-ਵੱਖ ਵਿਕਲਪਾਂ ਦੀ ਖੋਜ ਕਰਨਾ ਮਹੱਤਵਪੂਰਨ ਹੈ ਕਿ ਕਿਹੜੀ ਸੇਵਾ ਤੁਹਾਡੀਆਂ ਅਤੇ ਤੁਹਾਡੇ ਬੱਚੇ ਦੀਆਂ ਲੋੜਾਂ ਨੂੰ ਸਭ ਤੋਂ ਵਧੀਆ ਢੰਗ ਨਾਲ ਪੂਰਾ ਕਰੇਗੀ।

## ਵਿਚਾਰਨ ਵਾਲੀਆਂ ਗੱਲਾਂ

- ਸੇਵਾ ਦੀ ਗੁਣਵੱਤਾ ਦਰਜਾਬੰਦੀ
- ਤੁਹਾਡੇ ਬੱਚੇ ਦੀ ਉਮਰ
- ਤੁਹਾਡੇ ਬੱਚੇ ਨੂੰ ਸਿੱਖਿਆ ਅਤੇ ਦੇਖਭਾਲ ਦੀ ਲੋੜ ਦਾ ਸਮਾਂ ਅਤੇ ਦਿਨ
- ਸਥਾਨ - ਉਦਾਹਰਨ ਲਈ ਘਰ, ਕੰਮ ਜਾਂ ਪਰਿਵਾਰ ਦੇ ਕਿਸੇ ਮੈਂਬਰ ਦੇ ਘਰ ਦੇ ਨੇੜੇ
- ਤੁਹਾਡੀਆਂ ਧਾਰਮਿਕ ਅਤੇ ਸੱਭਿਆਚਾਰਕ ਲੋੜਾਂ
- ਕੋਈ ਵੀ ਸਿਹਤ ਸੰਭਾਲ ਜਾਂ ਜ਼ਿਆਦਾ ਲੋੜਾਂ।

ਵੱਖ-ਵੱਖ ਸਹੂਲਤਾਂ ਦਾ ਦੌਰਾ ਕਰਨਾ, ਇਸ ਬਾਰੇ ਹੋਰ ਜਾਣਕਾਰੀ ਲੱਭਣ ਦਾ ਇੱਕ ਵਧੀਆ ਤਰੀਕਾ ਹੈ ਕਿ ਤੁਸੀਂ ਕੀ ਉਮੀਦ ਕਰ ਸਕਦੇ ਹੋ ਅਤੇ ਇਹ ਇੱਕ ਮੌਕਾ ਹੈ:

- ਸਿੱਖਿਅਕਾਂ ਨੂੰ ਪੁੱਛਣ ਲਈ ਕਿ ਉਹ ਹਰੇਕ ਬੱਚੇ ਦੀਆਂ ਵਿਅਕਤੀਗਤ ਲੋੜਾਂ ਲਈ ਕਿਵੇਂ ਯੋਜਨਾ ਬਣਾਉਂਦੇ ਹਨ ਅਤੇ ਉਹਨਾਂ ਨੂੰ ਕਿਵੇਂ ਪੂਰਾ ਕਰਦੇ ਹਨ
- ਬੱਚਿਆਂ ਅਤੇ ਸਿੱਖਿਅਕਾਂ ਦਾ ਨਿਰੀਖਣ ਕਰਨ ਲਈ ਅਤੇ ਉਹ ਕੀ ਕਰਦੇ ਹਨ
- ਉਸ ਮਾਹੌਲ ਨੂੰ ਵੇਖਣ ਅਤੇ ਵਿਚਾਰਨ ਲਈ ਕਿ ਕੀ ਇਹ ਸੱਦਾ ਦੇਣ ਵਾਲਾ ਹੈ ਅਤੇ ਜੇ ਕੋਈ ਕਰਕੇ ਦੇਖੇ ਜਾਣ ਵਾਲੇ ਅਨੁਭਵ ਉਪਲਬਧ ਹਨ
- ਆਪਣੇ ਬੱਚੇ ਨੂੰ ਨਾਲ ਲੈ ਕੇ ਜਾਣ ਲਈ, ਜੇ ਸੰਭਵ ਹੋਵੇ, ਇਹ ਦੇਖਣ ਲਈ ਕਿ ਉਹ ਉਸ ਸਹੂਲਤ ਪ੍ਰਤੀ ਕਿਵੇਂ ਪ੍ਰਤੀਕਿਰਿਆ ਕਰਦੇ ਹਨ।



## ਇੱਕ ਵਧੀਆ ਪ੍ਰੀ-ਸਕੂਲ ਪ੍ਰੋਗਰਾਮ ਵਾਲੀ ਸਹੂਲਤ ਕਿਵੇਂ ਲੱਭਣੀ ਹੈ

ਪਤਾ ਭਰਕੇ ਅਤੇ ਫਿਰ ਸੇਵਾਵਾਂ ਦੀ ਸੂਚੀ ਦੇਖਣ ਲਈ 'ਪ੍ਰੀ-ਸਕੂਲ' ਜਾਂ 'ਮੋਬਾਈਲ ਸੇਵਾ' ਦੀ ਚੋਣ ਕਰਕੇ, ਪ੍ਰੀ-ਸਕੂਲ ਪ੍ਰੋਗਰਾਮ ਦੀ ਪੇਸ਼ਕਸ਼ ਕਰਨ ਵਾਲੀਆਂ ਸੇਵਾਵਾਂ ਦਾ ਪਤਾ ਲਗਾਉਣ ਲਈ 'ਸ਼ੁਰੂਆਤੀ ਬਚਪਨ ਦੀ ਸਿੱਖਿਆ ਖੋਜਕਰਤਾ' (early childhood education finder) ਦੀ ਵਰਤੋਂ ਕਰੋ।

ਇਹ ਖੋਜਕਰਤਾ ਗੁਣਵੱਤਾ ਰੇਟਿੰਗਾਂ ਅਤੇ ਰਾਸ਼ਟਰੀ ਗੁਣਵੱਤਾ ਮਾਪਦੰਡਾਂ (National Quality Standard) ਬਾਰੇ ਭਰੋਸੇਯੋਗ ਅਤੇ ਪਰਿਵਾਰਕ-ਅਨੁਕੂਲ ਜਾਣਕਾਰੀ ਵੀ ਪ੍ਰਦਾਨ ਕਰਦਾ ਹੈ।

finder.service.nsw.gov.au/ecec

## ਗੁਣਵੱਤਾ ਨੂੰ ਸਮਝਣਾ

NSW ਵਿੱਚ ਸਾਰੀਆਂ ਮੰਨਜ਼ੂਰਸ਼ੁਦਾ ਸਹੂਲਤਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ ਅਤੇ ਰਾਸ਼ਟਰੀ ਗੁਣਵੱਤਾ ਮਾਪਦੰਡਾਂ ਦੇ ਅਨੁਸਾਰ ਦਰਜਾਵੱਧ ਕੀਤਾ ਜਾਂਦਾ ਹੈ ਜੋ ਆਸਟ੍ਰੇਲੀਆ ਭਰ ਵਿੱਚ ਸਾਰੀਆਂ ਸੇਵਾਵਾਂ ਦੀ ਗੁਣਵੱਤਾ ਲਈ ਇੱਕ ਉੱਚ ਮਾਪਦੰਡ ਨਿਰਧਾਰਤ ਕਰਦਾ ਹੈ।

NSW ਵਿੱਚ, ਕਿਸੇ ਸਹੂਲਤ ਦੀ ਗੁਣਵੱਤਾ ਰੇਟਿੰਗ ਇੱਕ ਤਾਰਿਆਂ ਵਾਲੇ ਗ੍ਰਾਫਿਕ ਦੀ ਵਰਤੋਂ ਕਰਕੇ ਸਰਟੀਫ਼ਿਕੇਟ 'ਤੇ ਪ੍ਰਦਰਸ਼ਿਤ ਕੀਤੀ ਜਾਂਦੀ ਹੈ। ਇਹ ਸਰਟੀਫ਼ਿਕੇਟ ਲਾਜ਼ਮੀ ਤੌਰ 'ਤੇ ਸਹੂਲਤ 'ਤੇ ਲੱਗਿਆ ਦਿਖਾਈ ਦੇਣਾ ਚਾਹੀਦਾ ਹੈ ਅਤੇ ਪਰਿਵਾਰਾਂ ਨੂੰ ਉਸ ਸਹੂਲਤ ਦੀ ਸਮੁੱਚੀ ਰੇਟਿੰਗ ਦੇ ਨਾਲ-ਨਾਲ ਹਰੇਕ ਗੁਣਵੱਤਾ ਖੇਤਰ ਦੀ ਰੇਟਿੰਗ ਬਾਰੇ ਮਹੱਤਵਪੂਰਨ ਜਾਣਕਾਰੀ ਦਿੰਦਾ ਹੈ।




education.nsw.gov.au/choosing-a-service



### ਕੀ ਤੁਸੀ ਜਾਣਦੇ ਹੋ?

ਸਾਰੀਆਂ ਸਹੂਲਤਾਂ ਨੂੰ ਇਹ ਯਕੀਨੀ ਬਣਾਉਣ ਲਈ ਸੁਰੱਖਿਅਤ ਨੀਂਦ ਦੇ ਤਰੀਕਿਆਂ ਦੀ ਪਾਲਣਾ ਕਰਨੀ ਲਾਜ਼ਮੀ ਹੈ ਕਿ ਬੱਚੇ ਸੁਰੱਖਿਅਤ, ਸਿਹਤਮੰਦ ਅਤੇ ਨੀਂਦ ਅਤੇ ਆਰਾਮ ਨਾਲ ਜੁੜੇ ਜ਼ੋਖਮਾਂ ਤੋਂ ਸੁਰੱਖਿਅਤ ਹਨ। ਤੁਹਾਡੀ ਸੇਵਾ ਤੁਹਾਨੂੰ ਆਪਣੀ ਸੁਰੱਖਿਅਤ ਨੀਂਦ ਅਤੇ ਆਰਾਮ ਨੀਤੀ ਦੀ ਇੱਕ ਕਾਪੀ ਪ੍ਰਦਾਨ ਕਰ ਸਕਦੀ ਹੈ ਤਾਂ ਜੋ ਤੁਸੀਂ ਉਸ ਬਾਰੇ ਹੋਰ ਜਾਣ ਸਕੋ।



# ਪ੍ਰੀ-ਸਕੂਲ ਲਈ ਤਿਆਰ ਹੋਣਾ

ਤੁਹਾਡਾ ਬੱਚਾ ਅਜਿਹੇ ਵਿਵਹਾਰ ਜਾਂ ਭਾਵਨਾਵਾਂ ਦਿਖਾ ਸਕਦਾ ਹੈ ਜੋ ਦਿਖਾਉਂਦੇ ਹਨ ਕਿ ਉਹ ਆਪਣੇ ਪਹਿਲੇ ਦਿਨ ਲਈ ਘਬਰਾਇਆ ਹੋਇਆ ਹੈ। ਉਸ ਸਹੂਲਤ 'ਤੇ ਜਾਣਾ ਅਤੇ ਸਿੱਖਿਅਕਾਂ ਨੂੰ ਜਾਣਨਾ ਤੁਹਾਡੇ ਬੱਚੇ ਨੂੰ ਇਸ ਲਈ ਤਿਆਰ ਕਰਨ ਦਾ ਇੱਕ ਵਧੀਆ ਤਰੀਕਾ ਹੈ ਤਾਂ ਜੋ ਉਹ ਉਸ ਮਾਹੌਲ ਅਤੇ ਨਵੇਂ ਰੁਟੀਨ ਤੋਂ ਜਾਣੂ ਹੋ ਸਕੇ। ਵਧੇਰੇ ਜਾਣਨ ਲਈ ਸਿੱਖਿਅਕਾਂ ਨਾਲ ਗੱਲ ਕਰੋ।

ਸਹੂਲਤ ਬਾਰੇ ਸਕਾਰਾਤਮਕ ਤਰੀਕੇ ਨਾਲ ਗੱਲ ਕਰਨਾ ਅਤੇ ਪ੍ਰੀ-ਸਕੂਲ ਸ਼ੁਰੂ ਕਰਨ ਬਾਰੇ ਕਿਤਾਬਾਂ ਪੜ੍ਹਨਾ ਤੁਹਾਡੇ ਬੱਚੇ ਨੂੰ ਸੁਰੱਖਿਅਤ ਅਤੇ ਉਤਸ਼ਾਹਿਤ ਮਹਿਸੂਸ ਕਰਨ ਵਿੱਚ ਮੱਦਦ ਕਰਨ ਦੇ ਹੋਰ ਵਧੀਆ ਤਰੀਕੇ ਹਨ।

ਆਪਣੇ ਬੱਚੇ ਦੀ ਸਹੂਲਤ ਬਾਰੇ ਕਹਾਣੀ ਬਣਾਉਣ ਲਈ ਪ੍ਰੀ-ਸਕੂਲ ਸ਼ੁਰੂ ਕਰਨ ਬਾਰੇ ਸਮਾਜਿਕ ਕਹਾਣੀਆਂ ਨੂੰ ਡਾਊਨਲੋਡ ਕਰੋ (ਇਹ 15 ਭਾਸ਼ਾਵਾਂ ਵਿੱਚ ਉਪਲਬਧ ਹੈ)।

## ਤੁਹਾਡੇ ਬੱਚੇ ਨੂੰ ਕੀ ਲੋੜ ਹੈ

- [ ] ਇੱਕ ਬੈਗ
- [ ] ਲੰਚ ਬਾਕਸ ਅਤੇ ਭੋਜਨ ਜੇਕਰ ਤੁਹਾਡੀ ਸਹੂਲਤ ਭੋਜਨ ਪ੍ਰਦਾਨ ਨਹੀਂ ਕਰਦੀ
- [ ] ਪਾਣੀ ਵਾਲੀ ਬੋਤਲ
- [ ] ਇੱਕ ਜੋੜੀ ਕੱਪੜੇ ਜੁਰਾਬਾਂ ਅਤੇ ਅੰਡਰਵੀਅਰ ਸਮੇਤ
- [ ] ਇੱਕ ਟੋਪੀ
- [ ] ਆਰਾਮ ਲਈ ਇੱਕ ਚਾਦਰ ਅਤੇ/ ਜਾਂ ਕੰਬਲ।

## ਆਰਾਮਦਾਇਕ ਕੱਪੜੇ

ਆਪਣੇ ਬੱਚੇ ਨੂੰ ਅਰਾਮਦੇਹ, ਵਿਹਾਰਕ ਕੱਪੜੇ ਪਹਿਨਾਓ ਜੋ ਉਹਨਾਂ ਲਈ ਸੁਰੱਖਿਅਤ ਅਤੇ ਉਹਨਾਂ ਲਈ ਆਪਣੇ ਆਪ ਨੂੰ ਆਪ ਸੰਭਾਲਣ ਲਈ ਆਸਾਨ ਹੋਣ, ਉਹਨਾਂ ਜੁੱਤੀਆਂ ਸਮੇਤ ਜਿੰਨ੍ਹਾਂ ਵਿੱਚ ਉਹ ਖੇਡ ਸਕਦਾ ਹੈ ਅਤੇ ਚੜ੍ਹ-ਉੱਤਰ ਸਕਦਾ ਹੈ।

ਜਦੋਂਕਿ ਸਿੱਖਿਅਕ ਬੱਚਿਆਂ ਨੂੰ ਉਨ੍ਹਾਂ ਦੇ ਕੱਪੜਿਆਂ 'ਤੇ ਦਾਗ ਲਗਾਉਣ ਤੋਂ ਬਚਾਉਣ ਦੀ ਕੋਸ਼ਿਸ਼ ਕਰਦੇ ਹਨ, ਪਰ ਰੰਗ ਅਤੇ ਲਿੱਬੜ੍ਹਣਾ ਮੌਜ-ਮਸਤੀ ਕਰਨ ਅਤੇ ਸਿੱਖਣ ਦਾ ਹਿੱਸਾ ਹਨ!

ਬੱਚਿਆਂ ਤੋਂ ਬਾਹਰ ਖੇਡਣ ਲਈ ਟੋਪੀ ਪਹਿਨਣ ਦੀ ਉਮੀਦ ਕੀਤੀ ਜਾਵੇਗੀ। ਸਨਸਮਾਰਟ ਬੱਚਿਆਂ ਨੂੰ ਇੱਕ ਚੌੜੇ ਕੰਢੇ ਵਾਲੀ, ਬਕਟ ਜਾਂ ਲੀਜੀਓਨੇਅਰ ਟੋਪੀ ਪਹਿਨਣ ਦੀ ਸਿਫ਼ਾਰਸ਼ ਕਰਦਾ ਹੈ ਜੋ ਚਿਹਰੇ, ਗਰਦਨ, ਅੱਖਾਂ ਅਤੇ ਕੰਨਾਂ ਨੂੰ ਛਾਂ ਕਰਦੀ ਹੈ। ਜਦੋਂ ਉਹ ਬਾਹਰ ਹੋਵੇ ਤਾਂ ਆਪਣੇ ਬੱਚੇ ਨੂੰ ਟੋਪੀ ਪਹਿਨਣ ਦੀ ਆਦਤ ਪਾਉਣ ਲਈ ਉਤਸ਼ਾਹਿਤ ਕਰੋ।

www.sunsmart.com.au

## ਹਰ ਚੀਜ਼ ਨੂੰ ਲੇਬਲ ਕਰੋ

ਆਪਣੇ ਬੱਚੇ ਦੀਆਂ ਸਾਰੀਆਂ ਚੀਜ਼ਾਂ ਜਿਵੇਂ ਕਿ ਉਸਦੇ ਕੱਪੜੇ, ਬੈਗ ਅਤੇ ਪਾਣੀ ਵਾਲੀ ਬੋਤਲ ਨੂੰ ਸਾਫ਼-ਸਾਫ਼ ਲੇਬਲ ਕਰੋ । ਹਾਲਾਂਕਿ, ਸੁਰੱਖਿਆ ਅਤੇ ਗੁਪਤਤਾ ਦੇ ਕਾਰਨਾਂ ਕਰਕੇ ਯਕੀਨੀ ਬਣਾਓ ਕਿ ਤੁਹਾਡੇ ਬੱਚੇ ਦਾ ਨਾਮ ਉਸ ਕਿਸੇ ਵੀ ਚੀਜ਼ ਦੇ ਬਾਹਰ ਦਿਖਾਈ ਨਹੀਂ ਦੇ ਰਿਹਾ ਹੈ ਜੋ ਉਹ ਆਪਣੀ ਸਹੂਲਤ ਵਿੱਚ ਆਉਣ-ਜਾਣ ਵੇਲੇ ਪਹਿਨੇਗਾ।

## ਟੀਕਾਕਰਨ

ਯਕੀਨੀ ਬਣਾਓ ਕਿ ਤੁਹਾਡੇ ਬੱਚੇ ਦਾ ਟੀਕਾਕਰਨ ਅੱਪ-ਟੂ-ਡੇਟ ਹੈ। ਤੁਹਾਡੇ ਬੱਚੇ ਦਾ ਨਾਮ ਉਦੋਂ ਤੱਕ ਸਹੂਲਤ ਵਿੱਚ ਦਾਖਲ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ:

- ਉਨ੍ਹਾਂ ਦਾ ਉਮਰ ਅਨੁਸਾਰ ਟੀਕਾਕਰਨ ਹੋਇਆ ਹੈ
- ਉਨ੍ਹਾਂ ਕੋਲ ਟੀਕਾਕਰਨ ਨਾ ਕਰਵਾਉਣ ਲਈ ਡਾਕਟਰੀ ਕਾਰਨ ਨਹੀਂ ਹੈ
- ਇੱਕ ਮਾਨਤਾ ਪ੍ਰਾਪਤ ਟੀਕਾਕਰਨ ਕੈਚ-ਅੱਪ ਸਮਾਂ-ਸੂਚੀ 'ਤੇ ਹਨ।

## ਐਲਰਜੀ, ਸਿਹਤ ਸਮੱਸਿਆਵਾਂ ਅਤੇ ਵਾਧੂ ਲੋੜਾਂ

ਤੁਹਾਡੇ ਬੱਚੇ ਦੇ ਸ਼ੁਰੂ ਕਰਨ ਤੋਂ ਪਹਿਲਾਂ, ਸਿੱਖਿਅਕਾਂ ਨੂੰ ਇਹ ਦੱਸਣਾ ਮਹੱਤਵਪੂਰਨ ਹੈ ਕਿ ਕੀ ਤੁਹਾਡੇ ਬੱਚੇ ਨੂੰ ਕੋਈ ਐਲਰਜੀ, ਸਿਹਤ ਸਮੱਸਿਆ, ਅਪਾਹਜਤਾ ਜਾਂ ਕੋਈ ਵਾਧੂ ਸਿੱਖਿਆ ਸੰਬੰਧੀ ਅਤੇ ਸਹਾਇਤਾ ਲੋੜਾਂ ਹਨ। ਇਹ ਸਿੱਖਿਅਕਾਂ ਨੂੰ ਤੁਹਾਡੇ ਬੱਚੇ ਲਈ ਕੋਈ ਲੋੜੀਂਦਾ ਪ੍ਰਬੰਧ ਕਰਨ ਲਈ ਸਮਾਂ ਦੇਵੇਗਾ।

ਐਨਾਫਾਈਲੈਕਸਿਸ ਕੁੱਝ ਐਲਰਜੀ ਕਰਨ ਵਾਲੇ ਕਾਰਕਾਂ ਪ੍ਰਤੀ ਇੱਕ ਗੰਭੀਰ ਅਤੇ ਅਚਾਨਕ ਐਲਰਜੀ ਹੋਣ ਵਾਲੀ ਪ੍ਰਤੀਕ੍ਰਿਆ ਹੈ, ਜਿਵੇਂ ਕਿ ਮੇਵਿਆਂ, ਸ਼ੈਲਫਿਸ਼, ਜਾਂ ਕੀੜੇ ਦੇ ਕੱਟਣ ਨਾਲ। ਤੁਹਾਨੂੰ ਸਿੱਖਿਅਕਾਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਕੀ ਤੁਹਾਡੇ ਬੱਚੇ ਨੂੰ ਭੋਜਨ ਤੋਂ ਐਲਰਜੀ ਹੈ ਜਾਂ ਐਨਾਫਾਈਲੈਕਸਿਸ ਹੋਣ ਦਾ ਖ਼ਤਰਾ ਹੈ।

allergyfacts.org.au

## ਸ਼ੁਰੂਆਤੀ ਦੇਖਭਾਲ

ਤੁਸੀਂ ਸ਼ਾਇਦ ਜਾਣਦੇ ਹੋਵੋਗੇ ਕਿ ਤੁਹਾਡੇ ਬੱਚੇ ਨੂੰ ਨਵੇਂ ਹੁਨਰ ਵਿਕਸਿਤ ਕਰਨ ਲਈ ਵਾਧੂ ਮੱਦਦ ਦੀ ਲੋੜ ਹੈ ਜਾਂ ਉਸ ਨੇ ਅਜੇ ਤੱਕ ਆਪਣੀ ਉਮਰ ਮੁਤਾਬਿਕ ਕੁੱਝ ਮੀਲ ਪੱਥਰਾਂ ਨੂੰ ਪੂਰਾ ਨਹੀਂ ਕੀਤਾ ਹੈ।

ਤੁਹਾਡੇ ਬੱਚੇ ਦੀਆਂ ਵਿਕਾਸ ਸੰਬੰਧੀ ਲੋੜਾਂ ਦਾ ਮੁਲਾਂਕਣ ਕਰਨ ਦੀ ਪ੍ਰਕਿਰਿਆ ਵਿੱਚ ਤੁਹਾਡੀ ਅਗਵਾਈ ਕਰਨ ਲਈ ਮੱਦਦ ਉਪਲਬਧ ਹੈ ਅਤੇ ਤੁਸੀਂ ਸ਼ੁਰੂਆਤੀ ਦਖ਼ਲ ਬਾਰੇ ਹੋਰ ਜਾਣਨਾ ਚਾਹੋਗੇ।

ਸ਼ੁਰੂਆਤੀ ਦੇਖਭਾਲ ਵਾਲੀਆਂ ਸੇਵਾਵਾਂ ਅਜਿਹੇ ਛੋਟੇ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਵਿਸ਼ੇਸ਼ ਸਹਾਇਤਾ ਦਾ ਇੱਕ ਰੂਪ ਹਨ ਜਿਨ੍ਹਾਂ ਨੂੰ ਅਪਾਹਜਤਾ ਜਾਂ ਸਿੱਖਣ ਦੀਆਂ ਵਾਧੂ ਲੋੜਾਂ ਹਨ।

ਜੇਕਰ ਤੁਸੀਂ ਯਕੀਨੀ ਨਹੀਂ ਹੋ ਕਿ ਤੁਹਾਡੇ ਬੱਚੇ ਨੂੰ ਕਿਸ ਤਰ੍ਹਾਂ ਦੀ ਸਹਾਇਤਾ ਦੀ ਲੋੜ ਹੋ ਸਕਦੀ ਹੈ, ਤਾਂ ਰਾਸ਼ਟਰੀ ਅਪੰਗਤਾ ਬੀਮਾ ਯੋਜਨਾ (NDIS) ਦੇ ਸ਼ੁਰੂਆਤੀ ਬਚਪਨ ਦੀ ਸੇਵਾ ਦੇਣ ਵਾਲੇ ਭਾਈਵਾਲ ਨਾਲ ਸੰਪਰਕ ਕਰਕੇ ਸ਼ੁਰੂਆਤ ਕਰੋ।

**ਵਧੇਰੇ ਜਾਣਕਾਰੀ ਲਈ NDIS ਵੈੱਬਸਾਈਟ 'ਤੇ ਜਾਣ ਲਈ QR ਕੋਡ ਨੂੰ ਸਕੈਨ ਕਰੋ।**

# ਖੇਡ ਦੁਆਰਾ ਸਿੱਖਣਾ

ਬੱਚੇ ਖੇਡ ਰਾਹੀਂ ਸਿੱਖਦੇ ਹਨ। ਸਿੱਖਿਅਕਾਂ ਨੂੰ ਦੱਸੋ ਕਿ ਤੁਹਾਡਾ ਬੱਚਾ ਘਰ ਵਿੱਚ ਕੀ ਕਰਨਾ ਪਸੰਦ ਕਰਦਾ ਹੈ, ਅਤੇ ਉਹਨਾਂ ਦੇ ਮਨਪਸੰਦ ਖਿਡੌਣੇ ਅਤੇ ਖੇਡਾਂ ਕੀ ਹਨ। ਇਹ ਤੁਹਾਡੇ ਬੱਚੇ ਲਈ ਮਜ਼ੇਦਾਰ ਅਤੇ ਦਿਲਚਸਪ ਗਤੀਵਿਧੀਆਂ ਦੀ ਯੋਜਨਾ ਬਣਾਉਣ ਵਿੱਚ ਸਿੱਖਿਅਕਾਂ ਦੀ ਮੱਦਦ ਕਰੇਗਾ ਜੋ ਉਹਨਾਂ ਨੂੰ ਨਵੇਂ ਹੁਨਰ ਵੀ ਸਿਖਾਉਂਦੀਆਂ ਹਨ।

ਇੱਕ ਸੇਵਾ ਵਿੱਚ ਪ੍ਰਦਾਨ ਕੀਤੇ ਗਏ ਪ੍ਰੀ-ਸਕੂਲ ਪ੍ਰੋਗਰਾਮ ਨੂੰ ਆਸਟ੍ਰੇਲੀਆ ਲਈ ਅਰਲੀ ਈਅਰਜ਼ ਲਰਨਿੰਗ ਫਰੇਮਵਰਕ (Early Years Learning Framework) ਦੁਆਰਾ ਨਿਰਦੇਸ਼ਿਤ ਕੀਤਾ ਜਾਂਦਾ ਹੈ।

## ਖੇਡ ਦੀਆਂ ਉਦਾਹਰਨਾਂ

- ਦੂਜਿਆਂ ਨਾਲ ਖੇਡਾਂ ਖੇਡਣਾ।
- ਸੱਭਿਆਚਾਰ, ਭਾਈਚਾਰੇ ਅਤੇ ਪਰਿਵਾਰ ਬਾਰੇ ਸਿੱਖਣਾ।
- ਚਿਰ-ਟਿਕਾਊ ਅਭਿਆਸਾਂ ਸਮੇਤ ਵਾਤਾਵਰਣ ਦੀ ਕਦਰ ਅਤੇ ਦੇਖਭਾਲ ਕਰਨਾ।
- ਸਰੀਰ ਨੂੰ ਹਿਲਾਉਣਾ ਅਤੇ ਸਰਗਰਮ ਹੋਣਾ।
- ਪੇਂਟਿੰਗ, ਸ਼ਿਲਪਕਾਰੀ ਅਤੇ ਕੋਲਾਜ ਦੁਆਰਾ ਆਪਣੇ-ਆਪ ਨੂੰ ਪ੍ਰਗਟ ਕਰਨਾ।
- ਸੰਗੀਤ ਨੂੰ ਸੁਣਨਾ, ਬਣਾਉਣਾ ਅਤੇ ਉਸ 'ਤੇ ਝੂਮਣਾ।
- ਸੰਖਿਆਵਾਂ, ਗਿਣਤੀ, ਮਾਪ, ਪੈਟਰਨਾਂ ਅਤੇ ਆਕਾਰ ਬਾਰੇ ਸਿੱਖਣਾ।
- ਕਹਾਣੀਆਂ, ਗੀਤਾਂ ਅਤੇ ਤੁਕਾਂ ਨੂੰ ਸੁਣਨਾ, ਸਮਝਣਾ ਅਤੇ ਬਣਾਉਣਾ।
- ਰੇਤ, ਮਿੱਟੀ, ਪਾਣੀ ਅਤੇ ਕੁਦਰਤੀ ਸਮੱਗਰੀਆਂ ਸਮੇਤ ਵਾਤਾਵਰਣ ਦੀ ਪੜਚੋਲ ਕਰਨ ਲਈ ਇੰਦਰੀਆਂ ਦੀ ਵਰਤੋਂ ਕਰਨਾ।
- ਉਤਸੁਕ ਹੋਣ, ਜਾਂਚ ਕਰਨ, ਨਿਰਮਾਣ ਕਰਨ ਅਤੇ ਵੱਖ ਕਰਨ ਲਈ ਸਾਧਨਾਂ ਅਤੇ ਸਰੋਤਾਂ ਦੀ ਵਰਤੋਂ ਕਰਨਾ।
- ਰੋਲ ਪਲੇਅ, ਕਠਪੁਤਲੀਆਂ, ਕੁਦਰਤੀ ਸੰਸਾਰ ਨਾਲ ਜੁੜਨਾ ਅਤੇ ਖੇਡਾਂ ਅਤੇ ਕਹਾਣੀਆਂ ਬਣਾਉਣ ਸਮੇਤ ਕਲਪਨਾਤਮਕ ਖੇਡ।



## ਆਪਣੇ ਬੱਚੇ ਦੀ ਪੜ੍ਹਾਈ ਦਾ ਸਮਰਥਨ ਕਰਨਾ

ਬੱਚੇ ਸਭ ਤੋਂ ਵਧੀਆ ਉਦੋਂ ਸਿੱਖਦੇ ਹਨ ਜਦੋਂ ਪਰਿਵਾਰ ਅਤੇ ਸਿੱਖਿਅਕ ਇਕੱਠੇ ਮਿਲਕੇ ਕੰਮ ਕਰਦੇ ਹਨ। ਤੁਸੀਂ ਆਪਣੇ ਬੱਚੇ ਨੂੰ ਕਿਸੇ ਹੋਰ ਨਾਲੋਂ ਬਿਹਤਰ ਜਾਣਦੇ ਹੋ, ਇਸ ਲਈ ਤੁਸੀਂ ਘਰ ਵਿੱਚ ਉਹਨਾਂ ਦੀਆਂ ਰੁਚੀਆਂ, ਤਜ਼ਰਬਿਆਂ ਅਤੇ ਸੰਬੰਧਾਂ ਬਾਰੇ ਜਾਣਕਾਰੀ ਸਾਂਝੀ ਕਰਕੇ ਸਿੱਖਿਅਕ ਦੀ ਆਪਣੇ ਬੱਚੇ ਨੂੰ ਸਮਝਣ ਵਿੱਚ ਮੱਦਦ ਕਰ ਸਕਦੇ ਹੋ।

ਤੁਹਾਡੇ ਪਰਿਵਾਰ ਦੇ ਸੱਭਿਆਚਾਰਕ ਪਿਛੋਕੜ ਬਾਰੇ ਜਾਣਕਾਰੀ ਸਾਂਝੀ ਕਰਨ ਨਾਲ ਸਿੱਖਿਅਕਾਂ ਨੂੰ ਅਜਿਹੇ ਮਾਹੌਲ ਅਤੇ ਅਨੁਭਵ ਬਣਾਉਣ ਵਿੱਚ ਵੀ ਮੱਦਦ ਮਿਲਦੀ ਹੈ ਜੋ ਤੁਹਾਡੇ ਬੱਚੇ ਨੂੰ ਸੁਰੱਖਿਅਤ, ਮਹਿਫੂਜ਼ ਅਤੇ ਸਮਰਥਿਤ ਮਹਿਸੂਸ ਕਰਵਾਉਂਦੇ ਹਨ।

### ਆਪਣੇ ਬੱਚੇ ਦਾ ਸਮਰਥਨ ਕਿਵੇਂ ਕਰਨਾ ਹੈ

- ਉਸ ਸਹੂਲਤ ਬਾਰੇ ਜਿੰਨਾ ਹੋ ਸਕੇ ਪਤਾ ਲਗਾਓ, ਜਿਵੇਂ ਕਿ ਰੁਟੀਨ ਅਤੇ ਤੁਹਾਡੇ ਬੱਚੇ ਨੂੰ ਕੀ ਨਾਲ ਲਿਆਉਣ ਦੀ ਲੋੜ ਹੈ।
- ਉਹਨਾਂ ਤਰੀਕਿਆਂ ਬਾਰੇ ਪੁੱਛੋ ਜਿਸ ਨਾਲ ਤੁਸੀਂ ਆਪਣੇ ਬੱਚੇ ਦੀ ਸਹੂਲਤ ਵਿੱਚ ਸ਼ਾਮਲ ਹੋ ਸਕਦੇ ਹੋ, ਜਿਵੇਂ ਕਿ ਕੋਈ ਹੁਨਰ ਜਾਂ ਦਿਲਚਸਪੀ ਸਾਂਝੀ ਕਰਨਾ।
- ਖੇਡ-ਆਧਾਰਿਤ ਸਿੱਖਣ ਦੀਆਂ ਗਤੀਵਿਧੀਆਂ ਬਾਰੇ ਸਿੱਖਿਅਕਾਂ ਨਾਲ ਗੱਲ ਕਰੋ ਜੋ ਤੁਸੀਂ ਆਪਣੇ ਬੱਚੇ ਨਾਲ ਘਰ ਵਿੱਚ ਕਰ ਸਕਦੇ ਹੋ।
- ਆਪਣੇ ਬੱਚੇ ਦੀ ਸਿੱਖਿਆ ਬਾਰੇ ਸਿੱਖਿਅਕਾਂ ਨਾਲ ਗੱਲ ਕਰੋ ਅਤੇ ਕਿਸੇ ਵੀ ਚਿੰਤਾ ਜਾਂ ਮੁੱਦੇ ਨੂੰ ਜਲਦੀ ਉਠਾਓ, ਤਾਂ ਜੋ ਤੁਸੀਂ ਉਹਨਾਂ ਨੂੰ ਹੱਲ ਕਰਨ ਲਈ ਮਿਲ ਕੇ ਕੰਮ ਕਰ ਸਕੋ।
- ਹਰ ਰੋਜ਼ ਆਪਣੇ ਬੱਚੇ ਨਾਲ ਇਸ ਬਾਰੇ ਗੱਲ ਕਰੋ ਕਿ ਉਸਨੇ ਕੀ ਕੀਤਾ।
- ਦੂਜੇ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਨਾਲ ਵੀ ਜੁੜੋ।





# ਸਹੂਲਤ ਵਿੱਚ ਸੁਰੱਖਿਅਤ ਢੰਗ ਨਾਲ ਆਉਣਾ ਅਤੇ ਜਾਣਾ

**ਤੁਰਨਾ**

- ਹਮੇਸ਼ਾ ਆਪਣੇ ਬੱਚੇ ਦਾ ਹੱਥ ਫੜੋ ਜਾਂ ਜ਼ੋਰ ਦਿਓ ਕਿ ਤੁਹਾਡਾ ਬੱਚਾ ਪ੍ਰੈਮ, ਤੁਹਾਡਾ ਬੈਗ ਜਾਂ ਤੁਹਾਡੇ ਕੱਪੜੇ ਫੜ੍ਹੇ।
- ਆਪਣੇ ਬੱਚੇ ਨੂੰ ਸਿਰਫ਼ ਉਦੋਂ ਹੀ ਛੱਡੋ ਜਦੋਂ ਤੁਸੀਂ ਸਹੂਲਤ ਦੇ ਮੈਦਾਨ ‘ਤੇ ਸੁਰੱਖਿਅਤ ਢੰਗ ਨਾਲ ਪਹੁੰਚ ਜਾਵੋ।
- ਹਮੇਸ਼ਾ ਸਭ ਤੋਂ ਵੱਧ ਸੁਰੱਖਿਅਤ ਸਥਾਨ ‘ਤੇ ਸੜਕਾਂ ਅਤੇ ਕਾਰ ਪਾਰਕਾਂ ਨੂੰ ਪਾਰ ਕਰੋ ਅਤੇ, ਜਿੱਥੇ ਸੰਭਵ ਹੋਵੇ, ਪੈਦਲ ਚੱਲਣ ਵਾਲੀਆਂ ਸਹੂਲਤਾਂ ਜਿਵੇਂ ਕਿ ਫੁੱਟਪਾਥ, ਪੈਦਲ ਚੱਲਣ ਵਾਲੇ ਕਰਾਸਿੰਗ ਜਾਂ ਟਰੈਫਿਕ ਲਾਈਟਾਂ ਦੀ ਵਰਤੋਂ ਕਰੋ।

ਮਾਤਾ-ਪਿਤਾ ਅਤੇ ਦੇਖਭਾਲ ਕਰਨ ਵਾਲੇ ਆਪਣੇ ਬੱਚੇ ਦੀ ਸੇਵਾ ਲਈ ਅਤੇ ਆਉਣ-ਜਾਣ ਦੇ ਰਸਤੇ ‘ਤੇ ਸੁਰੱਖਿਆ ਲਈ ਜ਼ਿੰਮੇਵਾਰ ਹਨ। ਤੁਹਾਡੇ ਬੱਚੇ ਨੂੰ ਸੜਕ ਸੁਰੱਖਿਆ ਬਾਰੇ ਸਿਖਾਉਣਾ ਸ਼ੁਰੂ ਕਰਨ ਲਈ ਇਹ ਚੰਗੀ ਉਮਰ ਹੈ।






## ਗੱਡੀ ਚਲਾਉਣਾ

- ਹਮੇਸ਼ਾ 'ਸੁਰੱਖਿਆ ਦਰਵਾਜ਼ੇ' (ਫੁੱਟਪਾਥ ਦੇ ਸਭ ਤੋਂ ਵੱਧ ਨੇੜਲੇ ਪਿਛਲੇ ਖੱਬੇ ਦਰਵਾਜ਼ੇ) ਰਾਹੀਂ ਅੰਦਰ ਅਤੇ ਬਾਹਰ ਜਾਓ।
- ਆਪਣੇ ਬੱਚੇ ਨੂੰ ਹਮੇਸ਼ਾ ਮੰਨਜ਼ੂਰਸ਼ੁਦਾ ਚਾਈਲਡ ਰੈਸਟਰੇਂਟ ਜਾਂ ਬੂਸਟਰ ਸੀਟ ਵਿੱਚ ਸਹੀ ਢੰਗ ਨਾਲ ਬੰਨ੍ਹੋ ਜੋ ਉਸਦੀ ਉਮਰ ਅਤੇ ਆਕਾਰ ਲਈ ਸਹੀ ਹੋਵੇ, ਭਾਵੇਂ ਤੁਸੀਂ ਜਲਦਬਾਜ਼ੀ ਵਿੱਚ ਹੀ ਹੋਵੋ।
- ਕਾਨੂੰਨ ਮੁਤਾਬਕ ਹੀ ਗੱਡੀ ਚਲਾਓ ਅਤੇ ਪਾਰਕ ਕਰੋ, ਭਾਵੇਂ ਇਸਦਾ ਮਤਲਬ ਇਹ ਹੋਵੇ ਕਿ ਹੋਰ ਦੂਰ ਪਾਰਕ ਕਰਨਾ ਅਤੇ ਸਹੂਲਤ ਵਿੱਚ ਜਾਣ ਲਈ ਬਾਕੀ ਦੇ ਰਸਤਾ ਪੈਦਲ ਚੱਲਣਾ।
- ਕਾਰ ਪਾਰਕ ਵਿੱਚ ਆਪਣੇ ਬੱਚੇ ਦਾ ਹੱਥ ਫੜ ਕੇ ਰੱਖੋ, ਅਤੇ ਕਾਰ ਵਿੱਚ ਬੈਠਣ ਅਤੇ ਬਾਹਰ ਨਿਕਲਣ ਵੇਲੇ, ਸੰਕੇਤਾਂ ਦੀ ਪਾਲਣਾ ਕਰਦੇ ਹੋਏ।
- ਆਪਣੇ ਬੱਚੇ ਦਾ ਹੱਥ ਉਦੋਂ ਹੀ ਛੱਡੋ ਜਦੋਂ ਤੁਸੀਂ ਸਹੂਲਤ ਦੇ ਮੈਦਾਨਾਂ ਦੇ ਅੰਦਰ ਸੁਰੱਖਿਅਤ ਹੋ।

## ਆਵਾਜਾਈ ਸੇਵਾ ਲੈਣਾ

ਜੇਕਰ ਤੁਹਾਡੀ ਸਹੂਲਤ ਬੱਚਿਆਂ ਲਈ ਟ੍ਰਾਂਸਪੋਰਟ ਸੇਵਾ ਪ੍ਰਦਾਨ ਕਰਦੀ ਹੈ ਤਾਂ ਯਕੀਨੀ ਬਣਾਓ ਕਿ ਤੁਸੀਂ ਆਪਣੇ ਬੱਚੇ ਦੇ ਸ਼ੁਰੂ ਹੋਣ ਤੋਂ ਪਹਿਲਾਂ ਸਿੱਖਿਅਕਾਂ ਨਾਲ ਪ੍ਰਬੰਧਾਂ ਅਤੇ ਆਪਣੀਆਂ ਉਮੀਦਾਂ ਬਾਰੇ ਚਰਚਾ ਕਰਦੇ ਹੋ।

ਟ੍ਰਾਂਸਪੋਰਟ ਸੰਬੰਧੀ ਸਹੂਲਤ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਦੇਖਣ ਲਈ ਕਹੋ ਤਾਂ ਜੋ ਤੁਹਾਨੂੰ ਹਰੇਕ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਦੀ ਚੰਗੀ ਸਮਝ ਹੋਵੇ।

www.childcarseats.com.au

transport.nsw.gov.au/roadsafety/parents

### ਕੀ ਤੁਸੀ ਜਾਣਦੇ ਹੋ?

ਸਹੂਲਤ ਤੁਹਾਨੂੰ ਹਰ ਰੋਜ਼ ਪਹੁੰਚਣ 'ਤੇ ਅਤੇ ਬਾਹਰ ਜਾਣ ਵੇਲੇ ਤੁਹਾਡੇ ਬੱਚੇ ਲਈ ਸਾਈਨ ਇਨ ਕਰਨ ਲਈ ਕਹੇਗੀ। ਯਕੀਨੀ ਬਣਾਓ ਕਿ ਤੁਸੀਂ ਇਸ ਰਜਿਸਟਰ 'ਤੇ ਦਸਤਖ਼ਤ ਕਰਦੇ ਹੋ, ਜੋ ਤੁਸੀਂ ਆਮ ਤੌਰ 'ਤੇ ਸੇਵਾ ਦੇ ਪ੍ਰਵੇਸ਼ ਦੁਆਰ 'ਤੇ ਲੱਭ ਸਕਦੇ ਹੋ।

# ਸਹੂਲਤ ਵਿੱਚ ਭੋਜਨ

ਇਹ ਯਕੀਨੀ ਬਣਾਓ ਕਿ ਤੁਹਾਡਾ ਬੱਚਾ ਦਿਨ ਦੀ ਸ਼ੁਰੂਆਤ ਵਿੱਚ ਪੌਸ਼ਟਿਕ ਨਾਸ਼ਤਾ ਖਾਵੇ, ਤਾਂ ਜੋ ਉਸ ਵਿੱਚ ਸਿੱਖਣ ਅਤੇ ਖੇਡਣ ਲਈ ਊਰਜਾ ਹੋਵੇ। ਭੋਜਨ ਦੇ ਸਮੇਂ ਰੋਜ਼ਾਨਾ ਪ੍ਰੋਗਰਾਮ ਦਾ ਇੱਕ ਮਹੱਤਵਪੂਰਨ ਹਿੱਸਾ ਹੁੰਦੇ ਹਨ, ਕਿਉਂਕਿ ਉਹ ਸਿਹਤਮੰਦ ਭੋਜਨ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਕਈ ਤਰ੍ਹਾਂ ਦੇ ਸਮਾਜਿਕ ਹੁਨਰਾਂ ਦਾ ਸਮਰਥਨ ਕਰਦੇ ਹਨ।

ਭੋਜਨ ਦੇ ਸਮੇਂ ਦੌਰਾਨ ਸਿੱਖਿਅਕ ਤੁਹਾਡੇ ਬੱਚੇ ਦੀ ਮੱਦਦ ਕਰਨਗੇ, ਜਿਸ ਵਿੱਚ ਸਿਹਤਮੰਦ ਸਫ਼ਾਈ ਦੀਆਂ ਆਦਤਾਂ ਵਿਕਸਿਤ ਕਰਨ ਲਈ ਸਹਾਇਤਾ ਦੇਣੀ ਸ਼ਾਮਲ ਹੈ।

ਕੁੱਝ ਸਹੂਲਤਾਂ ਸਿਹਤਮੰਦ ਭੋਜਨ ਪ੍ਰਦਾਨ ਕਰਨਗੀਆਂ ਅਤੇ ਦੂਜੀਆਂ ਤੁਹਾਨੂੰ ਸਵੇਰ ਦੀ ਚਾਹ, ਦੁਪਹਿਰ ਦਾ ਖਾਣਾ ਅਤੇ ਸ਼ਾਇਦ ਦੁਪਹਿਰ ਦੀ ਚਾਹ ਦੇਣ ਲਈ ਕਹਿਣਗੀਆਂ। ਇਸ ਬਾਰੇ ਸਿੱਖਿਅਕਾਂ ਨਾਲ ਗੱਲ ਕਰੋ ਕਿ ਤੁਹਾਡੇ ਬੱਚੇ ਲਈ ਹਰ ਰੋਜ਼ ਕੀ ਪੈਕ ਕਰਨਾ ਹੈ, ਕਿਉਂਕਿ ਜੇ ਕੁੱਝ ਬੱਚਿਆਂ ਨੂੰ ਖਾਣੇ ਤੋਂ ਐਲਰਜੀ ਹੈ ਤਾਂ ਪਾਬੰਦੀਆਂ ਲਾਗੂ ਹੋ ਸਕਦੀਆਂ ਹਨ।

ਜੇਕਰ ਤੁਹਾਡੇ ਬੱਚੇ ਨੂੰ ਕੋਈ ਐਲਰਜੀ ਹੈ ਤਾਂ ਤੁਹਾਡੇ ਬੱਚੇ ਦੇ ਸ਼ੁਰੂ ਕਰਨ ਤੋਂ ਪਹਿਲਾਂ ਸਿੱਖਿਅਕਾਂ ਨੂੰ ਦੱਸੋ।

healthykids.nsw.gov.au



## ਲੰਚਬਾਕਸ ਲਈ ਸੁਝਾਅ

ਉਹ ਭੋਜਨ ਪੈਕ ਕਰੋ ਜੋ ਤੁਸੀਂ ਜਾਣਦੇ ਹੋ ਕਿ ਤੁਹਾਡਾ ਬੱਚਾ ਪਸੰਦ ਕਰਦਾ ਹੈ ਅਤੇ ਖਾਵੇਗਾ। ਆਪਣੇ ਬੱਚੇ ਨੂੰ ਇਹ ਸਿੱਖਣ ਵਿੱਚ ਮੱਦਦ ਕਰੋ ਕਿ ਉਹਨਾਂ ਦੇ ਭੋਜਨ ਨੂੰ ਕਿਵੇਂ ਖੋਲ੍ਹਣਾ ਅਤੇ ਇਸਨੂੰ ਆਪ ਖਾਣਾ ਹੈ।



# ਜਦੋਂ ਤੁਹਾਡਾ ਬੱਚਾ ਬਿਮਾਰ ਹੋਵੇ

ਜੇਕਰ ਤੁਹਾਡੇ ਬੱਚੇ ਵਿੱਚ ਹੇਠ ਲਿਖੇ ਲੱਛਣ ਹਨ ਤਾਂ ਆਪਣੇ ਡਾਕਟਰ ਨਾਲ ਸਲਾਹ ਕਰਨਾ ਅਤੇ ਆਪਣੇ ਬੱਚੇ ਨੂੰ ਘਰ ਵਿੱਚ ਹੀ ਰੱਖਣਾ ਸਭ ਤੋਂ ਵਧੀਆ ਹੈ:

- 38°C ਜਾਂ ਇਸਤੋਂ ਵੱਧ ਬੁਖ਼ਾਰ
- ਉਲਟੀਆਂ ਜਾਂ ਦਸਤ ਹੋਣਾ
- ਖੰਘ ਜਾਂ ਸਾਹ ਸੰਬੰਧੀ ਲੱਛਣ
- ਜ਼ੁਕਾਮ ਜਾਂ ਫਲੂ ਦੇ ਲੱਛਣ
- ਅਣਜਾਣ ਕਾਰਨ ਤੋਂ ਹੋਏ ਧੱਫੜ।

ਕਈ ਸਹੂਲਤਾਂ ਵਿੱਚ ਉਲਟੀਆਂ, ਦਸਤ ਅਤੇ ਹੋਰ ਲਾਗ ਵਾਲੀਆਂ ਬਿਮਾਰੀਆਂ ਲਈ 48-ਘੰਟੇ ਦੀ ਕੁਆਰੰਟੀਨ ਨੀਤੀ ਹੁੰਦੀ ਹੈ। ਇਸਦਾ ਮਤਲਬ ਇਹ ਹੈ ਕਿ ਜੇਕਰ ਤੁਹਾਡਾ ਬੱਚਾ ਬਿਮਾਰ ਹੈ, ਤਾਂ ਉਹ ਲੱਛਣ ਬੰਦ ਹੋਣ ਤੋਂ ਬਾਅਦ ਘੱਟੋ-ਘੱਟ 48 ਘੰਟਿਆਂ ਤੱਕ ਸਹੂਲਤ ਵਿੱਚ ਹਾਜ਼ਰ ਨਹੀਂ ਹੋ ਸਕਦਾ। ਲਾਗ ਦੀਆਂ ਬਿਮਾਰੀਆਂ ਦੀਆਂ ਕਿਸਮਾਂ ਜੋ ਤੁਹਾਡੇ ਬੱਚੇ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ ਅਤੇ ਇਹਨਾਂ ਬਿਮਾਰੀਆਂ ਦੇ ਫ਼ੈਲਣ ਨੂੰ ਕਿਵੇਂ ਘੱਟ ਕਰਨਾ ਹੈ ਇਸ ਬਾਰੇ ਵਧੇਰੇ ਜਾਣਕਾਰੀ ਲਈ NSW Health ਦੀ ਵੈੱਬਸਾਈਟ 'ਤੇ ਜਾਓ।

**NSW Health ਤੋਂ ਹੋਰ ਜਾਣਨ ਲਈ QR ਕੋਡ ਨੂੰ ਸਕੈਨ ਕਰੋ।**

# ਸਕੂਲ ਲਈ ਤਿਆਰ ਹੋਣਾ

ਤੁਹਾਡੇ ਬੱਚੇ ਦੀ ਸਹੂਲਤ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਸਕੂਲ ਲਈ ਤਿਆਰ ਹੋਣ ਅਤੇ ਕਿੰਡਰਗਾਰਟਨ ਕਲਾਸਾਂ ਸ਼ੁਰੂ ਕਰਨ ਵਿੱਚ ਸਹਾਇਤਾ ਕਰੇਗੀ। ਸਹੂਲਤਾਂ ਅਤੇ ਸਕੂਲ ਅਕਸਰ ਸਕੂਲ ਪ੍ਰੋਗਰਾਮ ਵਿੱਚ ਤਬਦੀਲੀ ਕਰਦੇ ਰਹਿੰਦੇ ਹਨ, ਜੋ ਤੁਹਾਨੂੰ ਕਿੰਡਰਗਾਰਟਨ ਕਲਾਸਾਂ ਵਿੱਚ ਉਹਨਾਂ ਦੇ ਪਹਿਲੇ ਦਿਨ ਬਾਰੇ ਜਾਣਕਾਰੀ ਦੇਵੇਗਾ ਅਤੇ ਸਕੂਲੀ ਜੀਵਨ ਵੱਲੋਂ ਪੇਸ਼ਕਸ਼ਾਂ ਕੀਤੀਆਂ ਜਾਂਦੀਆਂ ਦਿਲਚਸਪ ਚੀਜ਼ਾਂ ਨੂੰ ਸਮਝਣ ਵਿੱਚ ਤੁਹਾਡੀ ਮੱਦਦ ਕਰੇਗਾ।

ਸਹੂਲਤਾਂ ਤੁਹਾਡੇ ਬੱਚੇ ਦੇ ਨਵੇਂ ਸਕੂਲ ਲਈ 'ਸਕੂਲ ਵਿੱਚ ਤਬਦੀਲੀ ਕਰਨਾ' ਸਟੇਟਮੈਂਟ ਨੂੰ ਵੀ ਪੂਰਾ ਕਰ ਸਕਦੀਆਂ ਹਨ ਅਤੇ ਇਸ ਸਟੇਟਮੈਂਟ ਨੂੰ ਪੂਰਾ ਕਰਨ ਤੋਂ ਪਹਿਲਾਂ ਤੁਹਾਡੀ ਸਹਿਮਤੀ ਲੈਣੀ ਚਾਹੀਦੀ ਹੈ। ਇਹ ਸਟੇਟਮੈਂਟ ਤੁਹਾਡੇ ਬੱਚੇ ਦੀਆਂ ਸ਼ਕਤੀਆਂ, ਰੁਚੀਆਂ ਅਤੇ ਉਹਨਾਂ ਤਰੀਕਿਆਂ ਦਾ ਸਾਰ ਦਿੰਦਾ ਹੈ ਜੋ ਉਹ ਸਿੱਖਣਾ ਪਸੰਦ ਕਰਦੇ ਹਨ। ਇਹ ਜਾਣਕਾਰੀ ਕਿੰਡਰਗਾਰਟਨ ਅਧਿਆਪਕਾਂ ਨੂੰ ਉਹਨਾਂ ਦੇ ਕਲਾਸਰੂਮ ਵਿੱਚ ਦਾਖਲ ਹੋਣ ਵਾਲੇ ਬੱਚਿਆਂ ਨੂੰ ਜਾਣਨ ਅਤੇ ਸਿੱਖਣ ਅਤੇ ਪੜ੍ਹਾਉਣ ਦੇ ਢੁੱਕਵੇਂ ਪ੍ਰੋਗਰਾਮਾਂ ਦੀ ਯੋਜਨਾ ਬਣਾਉਣ ਵਿੱਚ ਮੱਦਦ ਕਰਦੀ ਹੈ।

ਕੁੱਝ ਭਾਈਚਾਰਿਆਂ ਵਿੱਚ, ਐਬੋਰਿਜ਼ਨਲ ਵਿਦਿਆਰਥੀਆਂ ਲਈ ਵਿੱਦਿਅਕ ਨਤੀਜਿਆਂ ਨੂੰ ਵਧਾਉਣ ਲਈ ਵਾਧੂ ਤਬਦੀਲੀ ਪ੍ਰੋਗਰਾਮ ਲਾਗੂ ਹਨ। ਇਹਨਾਂ ਪ੍ਰੋਗਰਾਮਾਂ ਬਾਰੇ ਹੋਰ ਜਾਣਨ ਲਈ, ਆਪਣੇ ਸਿੱਖਿਅਕਾਂ ਨਾਲ ਗੱਲ ਕਰੋ।

ਸਕੂਲ ਉਹਨਾਂ ਵਿਦਿਆਰਥੀਆਂ ਲਈ ਵਾਧੂ ਸਹਾਇਤਾ ਵੀ ਪ੍ਰਦਾਨ ਕਰਦੇ ਹਨ ਜੋ ਅੰਗਰੇਜ਼ੀ ਨੂੰ ਇੱਕ ਵਾਧੂ ਭਾਸ਼ਾ ਜਾਂ ਉਪਭਾਸ਼ਾ ਵਜੋਂ ਬੋਲਦੇ ਹਨ।

education.nsw.gov.au/
starting-school-guides





## ਹੋਰ ਜਾਣਕਾਰੀ ਪ੍ਰਾਪਤ ਕਰੋ

NSW ਪਬਲਿਕ ਸਕੂਲਾਂ ਵਿੱਚ ਜਾਣ ਬਾਰੇ ਹੋਰ ਜਾਣਨ ਲਈ, ਜਿਸ ਵਿੱਚ ਵਿਦਿਆਰਥੀਆਂ ਦੀ ਸਿਖਲਾਈ ਅਤੇ ਭਲਾਈ ਸਹਾਇਤਾ, ਸਕੂਲੀ ਜੀਵਨ ਦੀਆਂ ਝਲਕਾਂ, ਅਤੇ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਸਰੋਤ ਸ਼ਾਮਲ ਹਨ।

**ਹੋਰ ਜਾਣਕਾਰੀ ਲਈ ਸਾਡੇ ਮਾਤਾ-ਪਿਤਾ ਅਤੇ ਦੇਖਭਾਲ ਕਰਨ ਵਾਲਿਆਂ ਦੇ ਵੈੱਬ ਪੇਜ 'ਤੇ ਜਾਣ ਲਈ ਇਸ QR ਕੋਡ ਨੂੰ ਸਕੈਨ ਕਰੋ।**

# ਜਦੋਂ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹੋਣ



ਤੁਹਾਡੇ ਕੋਲ ਆਪਣੇ ਬੱਚੇ ਬਾਰੇ ਸਵਾਲ ਜਾਂ ਚਿੰਤਾਵਾਂ ਹੋ ਸਕਦੀਆਂ ਹਨ ਜਦੋਂ ਉਹ ਕਿਸੇ ਸਹੂਲਤ ਵਿੱਚ ਜਾ ਰਿਹਾ ਹੁੰਦਾ ਹੈ ਜਾਂ ਜਦੋਂ ਉਹ ਸਕੂਲ ਲਈ ਤਿਆਰ ਹੋ ਰਿਹਾ ਹੁੰਦਾ ਹੈ। ਜੇਕਰ ਤੁਸੀਂ ਆਪਣੇ ਬੱਚੇ ਦੀ ਤਰੱਕੀ ਜਾਂ ਸਕੂਲ ਲਈ ਤਿਆਰੀ ਬਾਰੇ ਚਰਚਾ ਕਰਨਾ ਚਾਹੁੰਦੇ ਹੋ, ਤਾਂ ਤੁਹਾਡੇ ਬੱਚੇ ਦਾ ਸਿੱਖਿਅਕ ਅਕਸਰ ਸ਼ੁਰੂਆਤ ਕਰਨ ਲਈ ਸਭ ਤੋਂ ਵਧੀਆ ਥਾਂ ਹੁੰਦਾ ਹੈ।

ਜੇ ਤੁਹਾਨੂੰ ਉਸ ਸਹੂਲਤ ਬਾਰੇ ਚਿੰਤਾਵਾਂ ਹਨ, ਤਾਂ ਤੁਸੀਂ ਸਿੱਖਿਅਕ, ਸਹੂਲਤ ਦੇ ਨਿਰਦੇਸ਼ਕ ਜਾਂ ਪ੍ਰਵਾਨਿਤ ਪ੍ਰਦਾਤਾ ਨਾਲ ਗੱਲ ਕਰ ਸਕਦੇ ਹੋ।

ਜੇਕਰ ਉਸ ਸਹੂਲਤ ਦੁਆਰਾ ਸਮੱਸਿਆ ਦਾ ਹੱਲ ਨਹੀਂ ਕੀਤਾ ਜਾ ਸਕਦਾ ਹੈ, ਤਾਂ ਤੁਸੀਂ ਕਿਸੇ ਸਹੂਲਤ ਬਾਰੇ ਸ਼ਿਕਾਇਤ ਕਰਨ ਲਈ NSW ਡਿਪਾਰਟਮੈਂਟ ਆਫ਼ ਐਜੂਕੇਸ਼ਨ ਨਾਲ ਸੰਪਰਕ ਕਰ ਸਕਦੇ ਹੋ, ਜਾਂ ਜੇਕਰ ਸ਼ਿਕਾਇਤ ਉਸ ਸਹੂਲਤ ਦੀਆਂ ਫ਼ੀਸਾਂ ਜਾਂ ਕਾਰੋਬਾਰੀ ਕੰਮ ਕਰਨ ਦੇ ਤਰੀਕਿਆਂ ਬਾਰੇ ਹੈ ਤਾਂ ਡਿਪਾਰਟਮੈਂਟ ਆਫ਼ ਫੇਅਰ ਟਰੇਡਿੰਗ (ਨਿਰਪੱਖ ਵਪਾਰ ਵਿਭਾਗ) ਨਾਲ ਸੰਪਰਕ ਕਰ ਸਕਦੇ ਹੋ।

education.nsw.gov.au/
early-childhood-feedback

ਸਹਾਇਤਾ ਲਈ NSW ਸਿੱਖਿਆ ਵਿਭਾਗ ਨੂੰ 1800 619 113 'ਤੇ ਫ਼ੋਨ ਕਰੋ ਜਾਂ ececd@det.nsw.edu.au 'ਤੇ ਈਮੇਲ ਕਰੋ।



# ਉਪਯੋਗੀ ਵੈੱਬਸਾਈਟਾਂ

education.nsw.gov.au/useful-websites

**ਸ਼ੁਰੂਆਤੀ ਬਚਪਨ ਦੀ ਸਿੱਖਿਆ ਸਹੂਲਤ ਖੋਜਕਰਤਾ**
**(Early childhood education finder)**

service.nsw.gov.au/find-ecec-providers

**ਗੁਣਵੱਤਾ ਸਹੂਲਤ ਦੀ ਚੋਣ ਕਰਨਾ**
**(Choosing a quality service)**

education.nsw.gov.au/choosing-a-service

**ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਸਰੋਤ**
**(Parents and carers resources)**

education.nsw.gov.au/early-childhood-education/information-for-parents-and-carers

education.nsw.gov.au/early-learning-resources

www.startingblocks.gov.au/other-resources/factsheets

raisingchildren.net.au

**ਅਨੁਵਾਦਿਤ ਸਕੂਲੀ ਜਾਣਕਾਰੀ**
**(Translated school information)**

education.nsw.gov.au/translated-documents

**ਐਬੋਰਿਜ਼ਨਲ ਸਿੱਖਿਆ ਅਤੇ ਭਾਈਚਾਰੇ**
**(Aboriginal education & communities)**

education.nsw.gov.au/teaching-and-learning/aec

**ਐਲਰਜੀ (Allergies)**

allergyfacts.org.au

**ਟੀਕਾਕਰਨ (Immunisation)**

health.nsw.gov.au/immunisation

**NSW ਹੈਲਥ (NSW Health)**

health.nsw.gov.au

**ਸੜਕ ਸੁਰੱਖਿਆ (Road safety)**

education.nsw.gov.au/safe-travel

**ਸ਼ਿਕਾਇਤਾਂ, ਸ਼ਲਾਘਾ ਅਤੇ ਸੁਝਾਅ**
**(Complaints, compliments and suggestions)**

education.nsw.gov.au/early-childhood-feedback

ਵੈੱਬਸਾਈਟ ਅਨੁਵਾਦ ਉਪਲਬਧ ਹਨ

ਇਸ ਕਿਤਾਬਚੇ ਦੀ ਡਿਜ਼ੀਟਲ ਕਾਪੀ ਡਾਊਨਲੋਡ ਕਰਨ ਲਈ education.nsw.gov.au/parents-and-carers/going-to-school/preparing/starting-preschool 'ਤੇ ਜਾਓ। ਜੇਕਰ ਇਸ ਕਿਤਾਬਚੇ ਬਾਰੇ ਤੁਹਾਡੇ ਕੋਈ ਸਵਾਲ ਹਨ ਤਾਂ ਕਿਰਪਾ ਕਰਕੇ 1800 619 113 'ਤੇ ਫ਼ੋਨ ਕਰੋ ਜਾਂ ececd@det.nsw.edu.au 'ਤੇ ਈਮੇਲ ਕਰੋ।

**Say hello (ਹੈਲੋ ਕਹੋ)**

@NSWECEC

@NSWEducation

@NSWDepartmentofEducation

@NSWEducation

education.nsw.gov.au/early-childhood-education

© 2024 NSW Department of Education
GPO Box 33, Sydney NSW 2001, Australia

NSW GOVERNMENT